ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ (ਭ ਤੇ ਮ), ਸ਼ਾਖਾ, ਸਰਹਿੰਦ
Email:- eecdsirhindpwdpb@gmail.com Phone:- 01763-222275

ਵੱਲ

St. Mary's School,
Mahadian, Fatehgarh Sahib
ਮੀਮੋ ਨੰ. 517 ਮਿਤੀ. 09/05/24

ਵਿਸ਼ਾ:- ਸਾਲ 2024-2025 ਲਈ ਬਿਲਡਿੰਗ ਦਾ ਸੁਰੱਖਿਅਤ ਸਰਟੀਫਿਕੇਟ ਜਾਰੀ ਕਰਨ ਸੰਬੰਧੀ।
ਹਵਾਲਾ:- ਆਪ ਦਾ ਪੱਤਰ ਮਿਤੀ.29-04-2024

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਸਰਹਿੰਦ, ਲੋ.ਨਿ.ਵਿ (ਭ ਤੇ ਮ) ਸ਼ਾਖਾ, ਸਰਹਿੰਦ ਵੱਲੋਂ ਕੀਤੀ ਰਿਪੋਰਟ ਮੁਤਾਬਿਕ ਆਪ ਨੂੰ ਸਾਲ 2024-2025 ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਹੇਠ ਲਿਖੀਆਂ ਸਰਤਾਂ ਤਹਿਤ ਜਾਰੀ ਕੀਤਾ ਜਾਂਦਾ ਹੈ:-

1) ਜੇਕਰ ਬਿਲਡਿੰਗ ਹੜ੍ਹ/ਭੂਚਾਲ ਤੋਂ ਪ੍ਰਭਾਵਿਤ ਹੁੰਦੀ ਹੈ ਜਾਂ ਛੱਤਾਂ ਡਿੱਗਦੀਆਂ ਹਨ, ਉਹ ਦੁਬਾਰਾ ਮਹਿਕਮੇ ਤੋਂ ਚੈੱਕ ਕਰਵਾਈਆਂ ਜਾਣ।
2) ਇਸ ਬਿਲਡਿੰਗ ਨੂੰ ਸੁਰੱਖਿਅਤ ਰੂਪ ਵਿੱਚ ਵਰਤਣ ਦਾ ਸਮਾਂ 31.03.2025 ਤੱਕ ਦਾ ਹੈ।
3) ਜੇਕਰ ਸਕੂਲ ਦੀ ਇਮਾਰਤ ਵਿੱਚ ਕੋਈ ਵਾਧਾ ਕੀਤਾ ਜਾਂਦਾ ਹੈ ਤਾਂ ਇਸ ਨੂੰ ਅਗਲੇ ਸਾਲ ਲਈ ਸਰਟੀਫਿਕੇਟ ਲੈਣ ਤੋਂ ਪਹਿਲਾਂ ਏਰੀਏ ਵਿੱਚ ਸਾਮਿਲ ਕਰ ਲਿਆ ਜਾਵੇ।
4) ਜੇਕਰ ਬਿਲਡਿੰਗ ਵਿੱਚ ਵਾਧਾ/ਤਬਦੀਲੀ ਕੀਤੀ ਜਾਂਦੀ ਹੈ ਤਾਂ ਇਹ ਕੰਮ ਕਿਸੇ ਯੋਗ ਇੰਜੀਨੀਅਰ ਦੀ ਦੇਖ-ਰੇਖ ਹੇਠ ਕਰਵਾਇਆ ਜਾਵੇ ਅਤੇ ਬਿਲਡਿੰਗ ਦੀ ਸੇਫਟੀ ਸਬੰਧੀ ਸਰਟੀਫਿਕੇਟ ਇਸ ਵਿਭਾਗ ਤੋਂ ਦੁਬਾਰਾ ਲਿਆ ਜਾਵੇ।
5) ਇਸ ਬਿਲਡਿੰਗ ਦਾ ਫਾਇਰ ਸੁਰੱਖਿਅਤ ਸਰਟੀਫਿਕੇਟ ਇੰਚਾਰਜ ਫਾਇਰ ਸਟੇਸ਼ਨ, ਸਰਹਿੰਦ, ਫਤਹਿਗੜ੍ਹ ਸਾਹਿਬ ਵੱਲੋਂ ਪੱਤਰ ਨੰ.505-76744-Fires/57260 ਮਿਤੀ 18.09.2023 ਰਾਹੀਂ ਇੱਕ ਸਾਲ ਲਈ ਦਿੱਤਾ ਗਿਆ ਸੀ ਜੋ ਕਿ 09/2024 ਵਿੱਚ Expire ਹੋ ਜਾਵੇਗਾ ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਦੀ ਵੈਧਤਾ ਖਤਮ ਹੋਣ ਉਪਰੰਤ ਇਸ ਨੂੰ ਮੁੜ ਜਾਰੀ ਕਰਵਾ ਲਿਆ ਜਾਵੇ।
6) ਇਹ ਸਰਟੀਫਿਕੇਟ ਕਿਸੇ ਵੀ ਤਰ੍ਹਾਂ ਦੇ ਕਾਨੂੰਨੀ ਕੇਸਾਂ ਲਈ ਵੈਧ ਨਹੀਂ ਹੈ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ,ਲੋ.ਨਿ.ਵਿ,
(ਭ ਤੇ ਮ) ਸ਼ਾਖਾ ਸਰਹਿੰਦ

ਪਿੰਠ ਅੰਕਣ ਨੰ. ਮਿਤੀ.

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਸਰਹਿੰਦ, ਲੋਕ ਨਿਰਮਾਣ ਵਿਭਾਗ (ਭ ਤੇ ਮ), ਸਰਹਿੰਦ ਨੂੰ ਉਨਾਂ ਦੇ ਪੱਤਰ ਨੰ.69, ਮਿਤੀ. 06-05-2024 ਅਨੁਸਾਰ ਕੀਤੀ ਗਈ ਰਿਪੋਰਟ ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ST. MARY'S SCHOOL FATEHGARH SAHIB

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ,ਲੋ.ਨਿ.ਵਿ,
(ਭ ਤੇ ਮ) ਸ਼ਾਖਾ ਸਰਹਿੰਦ